## ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ,ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ-:0172-2212221

ਵੱਲ

(ਨੋਟਿਸ ਬੋਰਡ/ਵੈਬਸਾਇਟ/ਈ-ਮੇਲ ਰਾਹੀ )

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ ,(ਸੈਸਿੱ)
ਪੰਜਾਬ।

ਮੀਮੋ ਨੰ-: SCERT-SDP01/1/2023-SDP-SCERT/435825/ 27/Spl.01

ਮਿਤੀ: ਐਸ.ਏ.ਐਸ. ਨਗਰ 20-08-2023

**ਵਿਸ਼ਾ:- ਪੰਜਾਬ ਰਾਜ ਵਿੱਚ ਸਟੂਡੈਂਟ ਪੁਲਿਸ ਕੈਡਿਟ (SPC) ਸਕੀਮ ਦੀ ਸ਼ੁਰੂਆਤ ਸੰਬੰਧੀ।**

ਹਵਾਲਾ:- ਸਪੈਸ਼ਲ ਡਾਇਰੈਕਟਰ ਜਨਰਲ ਪੁਲਿਸ, ਕਮਿਊਨਿਟੀ ਅਫੇਅਰਜ ਡਵੀਜਨ, ਪੰਜਾਬ ਵੱਲੋਂ ਪੱਤਰ ਨੰਬਰ 8441-42/ਕੈਡ-3, ਮਿਤੀ: 18-08-2023 ਦੇ ਸਬੰਧ ਵਿੱਚ।

1.0 ਉਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਪੰਜਾਬ ਰਾਜ ਵਿੱਚ ਸਕੂਲੀ ਵਿਦਿਆਰਥੀਆਂ ਨੂੰ ਦੇਸ਼ ਦਾ ਜਿੰਮੇਵਾਰ ਅਤੇ ਸਮੱਰਥ ਨਾਗਰਿਕ ਬਣਾਉਣ ਲਈ ਇੱਕ ਵਧੀਆ ਉਪਰਾਲੇ ਦੇ ਰੂਪ ਵਿੱਚ ਕਮਿਊਨਿਟੀ ਅਫੇਅਰਜ਼ ਡਵੀਜਨ, ਪੰਜਾਬ ਪੁਲਿਸ ਦੇ ਸਹਿਯੋਗ ਨਾਲ ਪੰਜਾਬ ਰਾਜ ਦੇ 280 ਸਕੂਲਾਂ @10 ਸਕੂਲ ਪ੍ਰਤੀ ਜਿਲ੍ਹਾ (23 Revenue & 5 Police districts) ਵਿੱਚ ਸਟੂਡੈਂਟ ਪੁਲਿਸ ਕੈਡਿਟ ਸਕੀਮ ਸ਼ੁਰੂ ਕੀਤੀ ਜਾ ਰਹੀ ਹੈ।

2.0 ਇਸ ਦੇ ਸੰਬੰਧ ਵਿੱਚ ਪੰਜਾਬ ਰਾਜ ਦੇ ਚੁਣੇ ਹੋਏ 280 ਸਕੂਲਾਂ ਵਿੱਚ ਸਟੂਡੈਂਟ ਪੁਲਿਸ ਕੈਡਿਟ ਪ੍ਰੋਗਰਾਮ ਲਾਗੂ ਕਰਨ ਲਈ ਹਰੇਕ ਸਕੂਲ ਵਿੱਚ ਇੱਕ ਅਧਿਆਪਕ ਬਤੌਰ SPC teacher (School Nodal Officer-SPC) ਨਾਮਜ਼ਦ ਕੀਤਾ ਗਿਆ ਹੈ।

3.0 ਪੰਜਾਬ ਰਾਜ ਦੇ ਚੁਣੇ ਹੋਏ 280 ਸਕੂਲਾਂ ਦੇ ਨਾਮਜ਼ਦ ਸਕੂਲ ਨੋਡਲ ਅਫਸਰ -SPC ਦੀ ਦੋ ਰੋਜ਼ਾ ਰਿਹਾਇਸ਼ੀ ਸਿਖਲਾਈ ਪ੍ਰੋਗਰਾਮ ਪੰਜਾਬ ਪੁਲਿਸ ਅਕੈਡਮੀ, ਫਿਲੌਰ ਵਿਖੇ ਮਿਤੀ 7 ਅਗਸਤ, 2023 ਅਤੇ 8 ਅਗਸਤ, 2023 ਨੂੰ ਕਰਵਾਈ ਜਾ ਚੁੱਕੀ ਹੈ।

4.0 ਇਸ ਟ੍ਰੇਨਿੰਗ ਦੌਰਾਨ ਸਾਂਝ ਕੇਂਦਰਾਂ ਦੇ ਕਰਮਚਾਰੀਆਂ ਅਤੇ ਸਿੱਖਿਆ ਵਿਭਾਗ ਦੇ SPC (School Nodal Officer-SPC) ਅਧਿਆਪਕਾਂ ਦੇ ਤਾਲਮੇਲ ਨਾਲ ਵਿਦਿਆਰਥੀਆਂ ਨੂੰ ਇੰਨਡੋਰ ਕਲਾਸਾਂ ਵਿੱਚ ਕਾਨੂੰਨ ਸੰਬੰਧੀ, ਕੁਦਰਤੀ ਆਪਦਾ ਸੰਬੰਧੀ, ਟ੍ਰੈਫਿਕ ਨਿਯਮਾਂ ਆਦਿ ਦੀ ਜਾਣਕਾਰੀ ਦਿੱਤੀ ਜਾਵੇਗੀ ਅਤੇ ਆਊਟਡੋਰ ਕਲਾਸਾਂ ਦੌਰਾਨ ਪੁਲਿਸ ਸਟੇਸ਼ਨਾਂ, ਸਾਇਬਰ ਸੈਲ, ਪੁਲਿਸ ਲਾਇਨ, ਫਰਾਂਸਿਕ

Scanned with OKEN Scanner

ਸਾਇੰਸ ਲੈਬਜ਼, ਪੁਲਿਸ ਟ੍ਰੇਨਿੰਗ ਸੈਂਟਰਾਂ ਆਦਿ ਦਾ ਦੌਰਾ ਕਰਵਾਕੇ ਪੁਲਿਸ ਦੀ ਕਾਰਜਪ੍ਰਣਾਲੀ ਬਾਰੇ ਜਾਗਰੂਕ ਕੀਤਾ ਜਾਵੇਗਾ।

5.0 ਪੰਜਾਬ ਰਾਜ ਵਿੱਚ ਮਿਤੀ 22/08/2023 ਨੂੰ ਸਵੇਰ 11:00 ਵਜੇ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਵਲੋਂ ਸਟੂਡੈਂਟ ਪੁਲਿਸ ਕੈਡਿਟ ਸਕੀਮ ਦਾ ਵਰਚੂਅਲ ਲਾਂਚ ਵੀਡੀਓ ਕਾਂਨਫਰੰਸ ਰਾਹੀਂ ਕੀਤਾ ਜਾ ਰਿਹਾ ਹੈ।

6.0 ਸਟੂਡੈਂਟ ਪੁਲਿਸ ਕੈਡਿਟ ਸਕੀਮ ਦੇ ਵਰਚੂਅਲ ਲਾਂਚ ਸਮਾਗਮ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈਸਿੱ), ਸਕੀਮ ਤਹਿਤ ਚੁਣੇ ਗਏ 280 ਸਕੂਲਾਂ ਦੇ ਪ੍ਰਿੰਸੀਪਲ, 280 SPC (School Nodal Officer-SPC) ਨੋਡਲ ਅਧਿਆਪਕ ਅਤੇ ਚੁਣੇ ਗਏ 280 ਸਕੂਲਾਂ ਦੇ 8ਵੀਂ ਕਲਾਸ ਦੇ ਵਿਦਿਆਰਥੀਆਂ ਵੱਲੋਂ ਇਸ ਵੀਡੀਓ ਕਾਨਫਰੰਸਿੰਗ ਰਾਹੀਂ ਹੋਣ ਵਾਲੇ ਵਰਚੂਅਲ ਲਾਂਚ ਸਮਾਗਮ ਵਿੱਚ ਭਾਗ ਲਿਆ ਜਾਵੇਗਾ।

7.0 ਵੀਡੀਓ ਕਾਨਫਰੰਸ ਦਾ ਲਿੰਕ ਨਿਮਨ ਦਰਸਾਏ ਅਨੁਸਾਰ ਹੈ ਜੀ:-

VC regarding Student Police Cadet Scheme Virtual Launch by Hon'ble CM Punjab on 22-08-2023 at 11:00 am

Hosted by PPHQ

https://punjabpolice.webex.com/punjabpolice/j.php?MTID=md473b698e8e4c8ff4a0385b36cceb002

Tuesday, August 22, 2023 11:00 AM | 3 hours | (UTC+05:30) Chennai, Kolkata, Mumbai, New Delhi

Meeting number: 2510 000 7292

Password: 1234 (1234 from video systems)

Join by video system

Dial 25100007292@punjabpolice.webex.com

You can also dial 210.4.202.4 and enter your meeting number.

8.0 ਆਪ ਵੱਲੋਂ ਆਪਣੇ ਜਿਲ੍ਹੇ ਦੇ ਚੁਣੇ ਗਏ 280 ਸਕੂਲਾਂ ਦੇ ਪ੍ਰਿੰਸੀਪਲ, 280 ਨੋਡਲ ਅਧਿਆਪਕ ਅਤੇ ਚੁਣੇ ਗਏ 280 ਸਕੂਲਾਂ 8ਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਵਿੱਚ ਮਿਤੀ 22/08/2023 ਨੂੰ ਸਵੇਰ 11:00 ਵਜੇ ਸਟੂਡੈਂਟ ਪੁਲਿਸ ਕੈਡਿਟ ਸਕੀਮ ਦੇ ਵੀਡੀਓ ਕਾਂਨਫਰੰਸ ਰਾਹੀਂ ਵਰਚੂਅਲ ਲਾਂਚ ਸਮਾਗਮ ਵਿੱਚ ਭਾਗ ਲੈਣਾ ਯਕੀਨੀ ਬਣਾਇਆ ਜਾਵੇ। ਸਕੂਲ ਪ੍ਰਿੰਸੀਪਲਜ਼ ਵੱਲੋਂ SPC ਦੀਆਂ ਗਤੀਵਿਧੀਆਂ ਦੌਰਾਨ 280 SPC (School Nodal Officer-SPC) ਨੋਡਲ ਅਧਿਆਪਕ ਦਾ ਸਹਿਯੋਗ ਅਤੇ ਨਿਰੀਖਣ ਵੀ ਕੀਤਾ ਜਾਵੇਗਾ।

Scanned with OKEN Scanner

9.0 ਇਸ ਵੀਡੀਓ ਕਾਂਨਫਰੰਸ ਦੌਰਾਨ ਲਾਂਚ ਸਮਾਗਮ ਸਮੇਂ ਸਕੂਲਾਂ/ਦਫਤਰ ਜਿਲ੍ਹਾ ਸਿੱਖਿਆ ਅਫਸਰ ਨੂਮ ਕਿਸੇ ਕਿਸਮ ਦੀ ਮੁਸ਼ਕਿਲ ਸੰਬੰਧੀ ਸੰਬੰਧਤ ਜਿਲ੍ਹਾ MIS Coordinator ਨਾਲ ਰਾਬਤਾ ਕਇਮ ਕੀਤਾ ਜਾਵੇ।

**ਨਾਲ ਨੱਥੀ:** ਚੁਣੇ ਗਏ ਸਕੂਲਾਂ, ਸਕੂਲ ਪ੍ਰਿੰਸੀਪਲਾਂ,
ਨਾਮਜ਼ਦ ਸਕੂਲ ਨੋਡਲ ਅਫਸਰ -SPC ਅਤੇ
ਜਿਲ੍ਹਾ MIS Coordinators ਦੀ ਲਿਸਟਾਂ।

ਡਾਇਰੈਕਟਰ
ਐਸ.ਸੀ.ਈ.ਆਰ.ਟੀ.ਪੰਜਾਬ।

ਪਿੱਠ ਅੰਕਣ ਨੰ:- ਉਕਤ 128-32/Spl.ed-06 ਮਿਤੀ: ਐਸ.ਏ.ਐਸ. ਨਗਰ 20-08-2023
ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ :-

1. ਪੀ.ਏ. ਟੂ ਸਿੱਖਿਆ ਮੰਤਰੀ, ਪੰਜਾਬ,
2. ਪੀ.ਏ.ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ,
3. ਪੀ.ਏ.ਟੂ ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ
4. ਪੀ.ਏ.ਟੂ ਸਪੈਸ਼ਲ ਸਕੱਤਰ- ਕਮ- ਡੀ.ਜੀ.ਐਸ.ਈ., ਪੰਜਾਬ,
5. ਪੀ.ਏ ਟੂ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।

ਡਾਇਰੈਕਟਰ
ਐਸ.ਸੀ.ਈ.ਆਰ.ਟੀ.ਪੰਜਾਬ।

Scanned with OKEN Scanner